# ਜੰਗੇ ਓਹਦ ਦੇ ਹਵਾਲੇ ਨਾਲ ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਦੀ ਜੀਵਨੀ ਦਾ ਜ਼ਿਕਰ ਅਤੇ ਦੁਨੀਆਂ ਦੇ ਵਿਗੜ੍ਹਦੇ ਹਾਲਾਤਾਂ ਅਤੇ ਹਜ਼ੂਰ ਦੀ ਸਿਹਤ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 03 ਅਪ੍ਰੈਲ 2024 ਮਸਜਿਦ ਮੁਬਾਰਕ, ਇਸਲਾਮਾਬਾਦ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. اِيَّاكَ نَعْبُدُ وَاِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ اَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਹਮਰਾਉੱਲ ਅਸਦ ਦਾ ਜ਼ਿਕਰ ਹੋ ਰਿਹਾ ਸੀ। ਇਸ ਸੰਬੰਧ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅਨਹੁ ਨੇ ਜੰਗੇ ਓਹਦ ਤੋਂ ਮਦੀਨਾ ਵਾਪਸੀ ਅਤੇ ਹਮਰਾਉੱਲ ਅਸਦ ਦਾ ਜੋ ਜ਼ਿਕਰ ਕੀਤਾ ਹੈ, ਉਹ ਬਿਆਨ ਕਰਨਾ। ਆਪ ਰਜ਼ੀ ਅੱਲਾਹ ਅਨੰਹੁ ਫ਼ਰਮਾਉਂਦੇ ਹਨ ਕਿ ਜੰਗੇ ਓਹਦ ਤੋਂ ਵਾਪਸ ਆਉਣ ਦੀ ਰਾਤ ਇੱਕ ਸਖਤ ਖੋਫ਼ ਦੀ ਰਾਤ ਸੀ। ਕਿਉਂਕਿ ਉਸ ਦੇ ਬਾਦ ਵੀ ਕਿ ਕੁਰੈਸ਼ ਦਾ ਲਸ਼ਕਰ ਭਾਵੇਂ ਮੱਕੇ ਦੀ ਰਾਹ ਉੱਤੇ ਤੁਰ ਪਿਆ ਸੀ। ਪਰ ਡਰ ਸੀ ਕਿ ਉਹਨਾਂ ਦਾ ਇਹ ਕੰਮ ਮੁਸਲਮਾਨਾਂ ਨੂੰ ਗਾਫਿਲ ਕਰਨ ਦੀ ਨਿੱਯਤ ਨਾਲ ਨ ਹੋਵੇ ਸੋ, ਉਸ ਰਾਤ ਨੂੰ ਮਦੀਨਾ ਵਿੱਚ ਪਹਿਰਾ ਦਾ ਪ੍ਰਬੰਧ ਕੀਤਾ ਗਿਆ। ਆਂਹਜਰਤ ਸੱਲਲਾਹੁ ਅਲੈਹਿ ਵਸੱਲਮ ਦੇ ਘਰ ਦਾ ਵੀ ਸਹਾਬਾ ਨੇ ਖਾਸ ਤੌਰ ਉੱਤੇ ਪਹਿਰਾ ਦਿੱਤਾ। ਸਵੇਰ ਹੋਈ ਤਾਂ ਲੱਗਿਆ ਕਿ ਇਹ ਡਰ ਕੇਵਲ ਖਿਆਲ ਨਹੀਂ ਸੀ। ਕਿਉਂਕਿ ਫ਼ਜਰ ਤੋਂ ਪਹਿਲਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਇਹ ਖਬਰ ਮਿਲੀ ਕਿ ਕੁਰੈਸ਼ ਦਾ ਲਸ਼ਕਰ ਮਦੀਨਾ ਤੋਂ ਕੁੱਝ ਮੀਲ ਜਾ ਕੇ ਠਹਿਰ ਗਿਆ ਹੈ ਅਤੇ ਕੁਰੈਸ਼ ਦੇ ਸਰਦਾਰਾਂ ਵਿੱਚ ਬਹਿਸ ਚੱਲ ਰਹੀ ਹੈ ਕਿ ਨ ਤੁਸੀਂ ਮੁਹੱਮਦ ਨੂੰ ਕਤਲ ਕੀਤਾ, ਨ ਮੁਸਲਮਾਨ ਔਰਤਾਂ ਨੂੰ ਕੈਦ ਕੀਤਾ, ਨ ਉਹਨਾਂ ਦਾ ਮਾਲ ਲੁੱਟਿਆ। ਸਗੋਂ ਜੱਦ ਤੁਸੀਂ ਉਹਨਾਂ ਉੱਤੇ ਗਾਲਿਬ ਆਏ ਤਾਂ ਤੁਸੀਂ ਉਹਨਾਂ ਨੂੰ ਇੰਝ ਹੀ ਛੱਡ ਆਏ ਹੋ ਤਾਂ ਕਿ ਉਹ ਮੁੜ੍ਹ ਤਾਕਤ ਫੜ੍ਹ ਲੈਣ। ਸੋ, ਹਾਲੇ ਵੀ ਸਮਾਂ ਹੈ ਕਿ ਵਾਪਸ ਚਲੋ ਅਤੇ ਮਦੀਨਾ ਉੱਤੇ ਹਮਲਾ ਕਰਕੇ ਮੁਸਲਮਾਨਾਂ ਨੂੰ ਜੜ੍ਹੋਂ ਵੱਡ ਦਿਓ। ਇਸ ਦੇ ਮੁਕਾਬਲੇ ਉੱਤੇ ਦੂਜੇ ਕਹਿੰਦੇ ਸਨ ਕਿ ਤੁਹਾਨੂੰ ਇੱਕ ਜਿੱਤ ਪ੍ਰਾਪਤ ਹੋਈ ਹੈ। ਇਸ ਨੂੰ ਮਾਣ ਸਮਝੋ ਅਤੇ ਪਰਤ ਜਾਓ ਇਹ ਨ ਹੋਵੇ ਕਿ ਇਹ ਜਿੱਤ ਵੀ ਹਾਰ ਵਿੱਚ ਬਦਲ ਜਾਵੇ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਜੱਦ ਇਹ ਖਬਰ ਮਿਲੀ ਤਾਂ ਛੇਤੀ ਨਾਲ ਤੁਰਨ ਦਾ ਆਦੇਸ਼ ਦਿੱਤਾ ਅਤੇ ਨਾਲ ਹੀ ਇਹ ਹਦਾਯਤ ਦਿੱਤੀ ਕਿ ਓਹਦ ਲਈ ਨਿਕਲਣ ਵਾਲਿਆਂ ਤੋਂ ਬਿਨਾਂ ਕੋਈ ਹੋਰ ਨ ਨਿਕਲੇ। ਓਹਦ ਦੇ ਜੰਗਜੂ ਆਪਣੇ ਜ਼ਖਮਾਂ ਨੂੰ ਬਨ੍ਹ ਕੇ ਆਪਣੇ ਆਕਾ ਦੇ ਨਾਲ ਤੁਰ ਪਏ। 08 ਮੀਲ ਦੀ ਦੂਰੀ ਤੈਅ ਕਰਕੇ ਆਪ ਸੱਲਲਾਹੁ ਅਲੈਹਿ ਵਸੱਲਮ ਹਮਰਾਉੱਲ ਅਸਦ ਪਹੁੰਚੇ। ਉੱਥੇ ਆਪ ਨੇ ਅੱਗ ਬਾਲਣ ਦਾ ਆਦੇਸ਼ ਦਿੱਤਾ। ਸੋ, 500 ਅੱਗਾਂ ਛੇਤੀ ਨਾਲ ਬੱਲ ਗਈਆਂ। ਇੱਥੇ ਹੀ ਮੁਸ਼ਰਿਕ ਸਰਦਾਰ ਮਆਬਦ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੂੰ ਮਿਲਿਆ ਅਤੇ ਅੱਗੇ ਜਾ ਕੇ ਉਸ ਨੇ ਆਪਣੀਆਂ ਗੱਲਾਂ

ਨਾਲ ਅਬੂ ਸੁਫਯਾਨ ਅਤੇ ਕੁਰੈਸ਼ ਦੇ ਹੋਰ ਸਰਦਾਰਾਂ ਦੀ ਹਿੰਮਤ ਖਤਮ ਕੀਤੀ। ਮਆਬਦ ਦੀਆਂ ਗੱਲਾਂ ਦਾ ਇਹ ਰੋਹਬ ਪਿਆ ਕਿ ਉਹਨਾਂ ਨੇ ਮਦੀਨਾ ਉੱਤੇ ਹਮਲਾ ਕਰਨ ਦਾ ਇਰਾਦਾ ਛੱਡ ਦਿੱਤਾ ਅਤੇ ਮੱਕੇ ਵੱਲ੍ਹ ਪਰਤ ਗਏ।

ਆਂਹਜਰਤ ਸੱਲਲਾਹੁ ਅਲੈਹਿ ਵਸੱਲਮ ਹਮਰਾਉੱਲ ਅਸਦ ਵਿੱਚ ਦੋ ਤਿੰਨ ਦਿਨ ਠਹਿਰੇ ਅਤੇ ਪੰਜ ਦਿਨ ਦੀ ਗੈਰ-ਹਾਜ਼ਰੀ ਦੇ ਬਾਦ ਮਦੀਨਾ ਪਰਤ ਆਏ। ਜੰਗੇ ਓਹਦ ਦੇ ਨਤੀਜੇ ਸੰਬੰਧੀ ਬਹੁਤ ਲੰਮੀਆਂ ਬਹਿਸਾਂ ਕੀਤੀਆਂ ਗਈਆਂ ਹਨ। ਕੁੱਝ ਜੀਵਨੀਕਾਰ ਇਸ ਨੂੰ ਹਾਰ ਮੰਦੇ ਹਨ। ਕੁੱਝ ਇਸ ਨੂੰ ਹਾਰ ਕਹਿਣ ਤੋਂ ਬਚਦੇ ਹਨ। ਪਰ ਕੁੱਝ ਅਜਿਹੇ ਵੀ ਹਨ, ਜੋ ਇਸ ਨੂੰ ਇੱਕ ਹਾਰ ਦੇ ਬਾਦ ਜਿੱਤ ਮੰਦੇ ਹਨ। ਸੱਚ ਇਹ ਹੈ ਕਿ ਉਸ ਸਮੇਂ ਦੇ ਜੰਗੀ ਅਸੂਲਾਂ ਅਨੁਸਾਰ ਇਸ ਨੂੰ ਹਾਰ ਨਹੀਂ ਕਿਹਾ ਜਾ ਸਕਦਾ। ਕਿਉਂਕਿ ਮੁਸਲਮਾਨ ਤਾਂ ਉਸ ਸਮੇਂ ਵੀ ਮੈਦਾਨ ਵਿੱਚ ਮੌਜੂਦ ਸਨ, ਜੱਦ ਅਬੂ ਸੁਫਯਾਨ ਕੇਵਲ ਨਾਅਰੇ ਲਾਉਂਦਾ ਹੋਇਆ ਮੈਦਾਨ ਵਿੱਚੋਂ ਨਿਕਲ ਗਿਆ ਸੀ। ਅਬੂ ਸੁਫਯਾਨ ਨੇ ਇਹ ਖੋਖਲਾ ਨਾਅਰਾ ਵੀ ਲਾਇਆ ਸੀ ਕਿ ਅੱਜ ਦਾ ਦਿਨ ਬਦਰ ਦੇ ਬਦਲੇ ਦਾ ਦਿਨ ਹੈ। ਉਹ ਬਦਰ ਦੇ ਬਦਲੇ ਦਾ ਦਿਨ ਕਿਵੇਂ ਹੋ ਗਿਆ। ਬਦਰ ਵਿੱਚ ਤਾਂ ਮੁਸਲਮਾਨਾਂ ਨੇ ਕੁਫ਼ਾਰ ਦੇ ਵੱਡੇ ਵੱਡੇ ਸਰਦਾਰ ਕਤਲ ਕੀਤੇ ਸਨ। ਉਹਨਾਂ ਨੂੰ ਜੰਗੀ ਮਾਲ ਪ੍ਰਾਪਤ ਹੋਇਆ ਸੀ। ਕੁਫ਼ਾਰ ਦੇ 70 ਲੋਕ ਕੈਦੀ ਹੋਏ ਸਨ। ਇੰਝ ਹੀ ਬਦਰ ਵਿੱਚ ਮੁਸਲਮਾਨ ਜੇਤੂਆਂ ਵਾਂਗ ਤਿੰਨ ਦਿਨ ਤੱਕ ਉੱਥੇ ਰਹੇ ਸਨ। ਜੱਦ ਕਿ ਓਹਦ ਦੇ ਦਿਨ ਕੁਫ਼ਾਰ ਨੂੰ ਉਹਨਾਂ ਵਿੱਚੋਂ ਕੋਈ ਇੱਕ ਗੱਲ੍ਹ ਵੀ ਪ੍ਰਾਪਤ ਨਹੀਂ ਹੋ ਸਕੀ ਤਾਂ ਭਲਾ ਇਹ ਬਦਰ ਦਾ ਬਦਲਾ ਕਿਵੇਂ ਹੋਇਆ। ਹਾਂ, ਓਹਦ ਵਿੱਚ ਪਹਿਲਾਂ ਜਿੱਤ ਦੇ ਬਾਦ ਮੁਸਲਮਾਨਾਂ ਨੂੰ ਸਖਤ ਜਾਨੀ ਨੁਕਸਾਨ ਹੋਇਆ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਸਦੇਵੀਂ ਨਤੀਜਿਆਂ ਦੇ ਹਿਸਾਬ ਨਾਲ ਤਾਂ ਜੰਗੇ ਓਹਦ, ਬਦਰ ਦੇ ਮੁਕਾਬਲੇ ਉੱਤੇ ਕੋਈ ਮੁਕਾਮ ਨਹੀ ਰੱਖਦੀ। ਪਰ ਕੁੱਝ ਸਮੇਂ ਲਈ ਇਸ ਜੰਗ ਵਿੱਚ ਮੁਸਲਮਾਨਾਂ ਨੂੰ ਨੁਕਸਾਨ ਵੀ ਹੋਇਆ। ਪਹਿਲਾਂ ਮੁਸਲਮਾਨਾਂ ਦੇ 70 ਆਦਮੀ ਸ਼ਹੀਦ ਹੋਏ। ਜਿਨ੍ਹਾਂ ਵਿੱਚ ਕੁੱਝ ਵੱਡੇ ਸਹਾਬੀ ਵੀ ਸ਼ਾਮਿਲ ਸਨ ਅਤੇ ਜ਼ਖਮੀ ਤਾਂ ਬਹੁਤ ਸਨ। ਦੂਜੇ ਮਦੀਨਾ ਦੇ ਯਹੂਦ ਅਤੇ ਮੁਨਾਫ਼ਿਕ ਜੋ ਜੰਗੇ ਬਦਰ ਦੇ ਨਤੀਜੇ ਵਿੱਚ ਡਰ ਗਏ ਸਨ। ਹੁਣ ਕੁੱਝ ਦਲੇਰ ਹੋ ਗਏ ਸਨ। ਤੀਜਾ ਇਹ ਕਿ ਕੁਫ਼ਾਰੇ ਮੱਕਾ ਨੂੰ ਬਹੁਤ ਹਿੰਮਤ ਹੋ ਗਈ ਅਤੇ ਉਹਨਾਂ ਨੇ ਆਪਣੇ ਦਿਲ ਵਿੱਚ ਸਮਝ ਲਿਆ ਕਿ ਅਸੀਂ ਨ ਕੇਵਲ ਬਦਰ ਦਾ ਬਦਲ ਲੈ ਲਿਆ। ਸਗੋਂ ਅੱਗੇ ਵੀ ਜੱਦ ਕਦੇ ਜੱਥਾ ਬਣਾ ਕੇ ਹਮਲਾ ਕਰਾਂਗੇ ਤਾਂ ਮੁਸਲਮਾਨਾਂ ਨੂੰ ਹਰਾ ਦਿਆਂਗੇ। ਚੌਥਾ ਆਮ ਕਬੀਲੀਆਂ ਨੇ ਵੀ ਓਹਦ ਦੇ ਬਾਦ ਵੱਧ ਹਿੰਮਤ ਨਾਲ ਸਰ ਚੁੱਕਣਾ ਸ਼ੁਰੂ ਕਰ ਦਿੱਤਾ। ਪਰ ਉਹਨਾਂ ਨੁਕਸਾਨਾਂ ਦੇ ਬਾਦ ਵੀ ਇਹ ਇੱਕ ਸੱਚੀ ਹਕੀਕਤ ਹੈ ਕਿ ਜੋ ਨੁਕਸਾਨ ਕੁਰੈਸ਼ ਨੂੰ ਜੰਗੇ ਬਦਰ ਵਿੱਚ ਹੋਇਆ ਸੀ। ਓਹਦ ਦੀ ਜਿੱਤ ਉਸ ਨੂੰ ਭਰ ਨਹੀਂ ਸਕਦੀ ਸੀ।

ਓਹਦ ਦਾ ਨੁਕਸਾਨ ਇੱਕ ਹਿਸਾਬ ਨਾਲ ਮੁਸਲਮਾਨਾਂ ਲਈ ਬਹੁਤ ਲਾਭਕਾਰੀ ਸਿੱਧ ਹੋਇਆ। ਕਿਉਂਕਿ ਉਹਨਾਂ ਉੱਤੇ ਇਹ ਗੱਲ੍ਹ ਸਪਸ਼ਟ ਹੋ ਗਈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਇੱਛਾ ਅਤੇ ਹਦਾਯਤ ਦੇ ਖਿਲਾਫ਼ ਕਦਮ ਚੁੱਕਣ ਵਾਲਾ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਮਦੀਨਾ ਵਿੱਚ ਰੁੱਕਣ ਸੰਬੰਧੀ ਆਪਣੀ ਰਾਏ ਦਿੱਤੀ ਅਤੇ ਇਸ ਸਿਲਸਿਲੇ ਵਿੱਚ ਆਪਣਾ ਇੱਕ ਸੁਪਨਾ ਵੀ ਸੁਣਾਇਆ, ਪਰ ਲੋਕਾਂ ਨੇ ਬਾਹਰ ਨਿਕਲ ਕੇ ਲੜ੍ਹਣ ਉੱਤੇ ਜ਼ੋਰ ਦਿੱਤਾ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਨੂੰ ਓਹਦ ਦੇ ਇੱਕ ਦੱਰੇ ਉੱਤੇ ਤੈਨਾਤ ਕੀਤਾ ਅਤੇ ਚੰਗੀ ਤਰ੍ਹਾਂ ਸਮਝਾ ਦਿੱਤਾ ਕਿ ਇਸ ਥਾਂ ਨੂੰ ਨਹੀਂ ਛੱਡਣਾ। ਪਰ ਉਹਨਾਂ

ਨੇ ਜੰਗੀ ਮਾਲ ਪ੍ਰਾਪਤ ਕਰਨ ਲਈ ਉਸ ਦੱਰੇ ਨੂੰ ਖਾਲੀ ਛੱਡ ਦਿੱਤਾ। ਸੋ, ਓਹਦ ਦੀ ਬੇ-ਇਜ਼ਤੀ ਜੇਕਰ ਇੱਕ ਹਿਸਾਬ ਨਾਲ ਜੇਕਰ ਦੁੱਖ ਦਾ ਕਾਰਨ ਸੀ ਤਾਂ ਦੂਜੇ ਪਾਸੇ ਉਹ ਮੁਸਲਮਾਨਾਂ ਲਈ ਇੱਕ ਲਾਭਕਾਰੀ ਪਾਠ ਵੀ ਬਣ ਗਿਆ।

ਹਜ਼ਰਤ ਖਲੀਫ਼ਾਤੁੱਲ ਮਸੀਹ ਅੱਰਾਬੇ ਰਹਿਮਾਹੁੱਲਾਹ ਨੇ ਇੱਕ ਭਾਸ਼ਣ ਵਿੱਚ ਜੰਗੇ ਓਹਦ ਦੇ ਬਾਦ ਦੇ ਕਿੱਸਿਆਂ ਸੰਬੰਧੀ ਜੋ ਕਿਹਾ ਹੈ। ਉਸ ਦੇ ਕੁੱਝ ਨੁਕਤੇ ਇੰਝ ਹਨ :

ਮੁਸਲਮਾਨਾਂ ਤੋਂ ਹਾਰ ਦਾ ਖਿਆਲ ਬਿਲਕੁਲ ਮਿਟਾਉਣ ਲਈ ਇਸ ਤੋਂ ਚੰਗਾ ਹੋਰ ਕੋਈ ਕਦਮ ਨਹੀ ਹੋ ਸਕਦਾ ਸੀ। ਤਾਜ਼ਾ ਦਮ ਨੌਜਵਾਨਾਂ ਅਤੇ ਨਵੇਂ ਜੰਗਜੂਆਂ ਨੂੰ ਨਾਲ ਚੱਲਣ ਦੀ ਆਗਿਆ ਨ ਦੇ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਇਹ ਸਾਬਤ ਕਰ ਦਿੱਤਾ ਕਿ ਆਪ ਸੱਲਲਾਹੁ ਅਲੈਹਿ ਦਾ ਅਸਲ ਭਰੋਸਾ ਆਪਣੇ ਰੱਬ ਉੱਤੇ ਹੀ ਸੀ। ਆਪ ਨੇ ਆਪਣੇ ਉਹਨਾਂ ਸਹਾਬੀਆਂ ਦੀ ਦਿਲਦਾਰੀ ਕੀਤੀ। ਜਿਨ੍ਹਾਂ ਦੇ ਪੈਰ ਓਹਦ ਦੇ ਮੈਦਾਨ ਵਿੱਚ ਉਖੜ੍ਹ ਗਏ ਸਨ ਅਤੇ ਉਹਨਾਂ ਉੱਤੇ ਸੰਪੂਰਨ ਭਰੋਸਾ ਪ੍ਰਕਟ ਕੀਤਾ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਇਹ 100% ਭਰੋਸਾ ਕੋਈ ਜਜ਼ਬਾਤੀ ਫੈਸਲਾ ਨਹੀ ਸੀ। ਸਗੋਂ ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਦਾ ਓਹਦ ਦੇ ਦੂਜੇ ਦਿਨ ਵਿਰੋਧੀਆਂ ਦਾ ਪਿੱਛਾ ਕਰਨ ਦਾ ਫੈਸਲਾ ਆਪਣੇ ਸਾਥੀਆਂ ਉੱਤੇ ਇੱਕ ਅਜਿਹੀ ਵੱਡੀ ਕਿਰਪਾ ਸੀ ਕਿ ਕਦੇ ਕਿਸੇ ਆਗੂ ਨੇ ਆਪਣੀ ਫੌਜ ਉੱਤੇ ਨਹੀਂ ਕੀਤੀ ਕਿ ਉਹਨਾਂ ਦੇ ਜ਼ਖਮੀ ਕਿਰਦਾਰ ਨੂੰ ਕੁੱਝ ਹੀ ਦੇਰ ਵਿੱਚ ਅਜਿਹੀ ਦਵਾਈ ਦਿੱਤੀ ਹੋਵੇ।

ਬਾਦ ਦੇ ਕਿੱਸਿਆਂ ਤੋਂ ਸਾਬਤ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਇਹ ਕਦਮ ਕੇਵਲ ਮਨੁੱਖੀ ਅਤੇ ਸੁਭਾਵੀ ਨਹੀਂ ਸੀ। ਸਗੋਂ ਫੌਜੀ ਨੁਕਤੇ ਤੋਂ ਵੀ ਬਹੁਤ ਸਫ਼ਲ ਸਾਬਤ ਹੋਇਆ। ਆਂਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੇ ਕੇਵਲ ਆਪਣੀ ਸਿਆਣਪ ਅਤੇ ਤਦਬੀਰ ਸਦਕੇ ਕਈ ਵੱਡੇ ਲਾਭ ਪ੍ਰਾਪਤ ਕੀਤੇ।

ਆਪ ਰਹਿਮਾਹੁੱਲਾਹ ਫ਼ਰਮਾਉਂਦੇ ਹਨ ਕਿ ਸਦਾ ਆਪ ਸੱਲਲਾਹੁ ਅਲੈਹਿ ਵਸੱਲਮ ਦੀਆਂ ਜੰਗਾਂ ਉੱਤੇ ਨਜ਼ਰ ਪਾਉਣ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਮਿਹਰ ਅਤੇ ਅਥਾਹ ਤਾਕਤਾਂ ਉੱਤੇ ਵੀ ਹੈਰਾਨ ਕਰਨ ਵਾਲਾ ਚਾਨਣ ਪੈਂਦਾ ਹੈ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਪਹਿਲਾ ਅਤੇ ਅੰਤਿਮ ਮੁਕਾਮ ਇੱਕ ਜੰਗੀ ਮਾਹਰ ਦਾ ਨਹੀਂ, ਸਗੋਂ ਇੱਕ ਸੁਭਾਵੀ ਅਤੇ ਅਧਿਆਤਮਿਕ ਸਰਦਾਰ ਦਾ ਸੀ। ਜਿਸ ਦੇ ਹੱਥ ਵਿੱਚ ਉੱਚ ਆਚਰਣ ਦਾ ਝੰਡਾ ਫੜਾਇਆ ਗਿਆ ਸੀ। ਉੱਚ ਆਚਰਣ ਦਾ ਝੰਡਾ ਬੁਲੰਦ ਰੱਖਣ ਅਤੇ ਬੁਲੰਦ ਤੋਂ ਬੁਲੰਦ ਕਰਦੇ ਜਾਣ ਦੇ ਜਿਸ ਵੱਡੇ ਜਿਹਾਦ ਵਿੱਚ ਆਪ ਸੱਲਲਾਹੁ ਅਲੈਹਿ ਵਸੱਲਮ ਵਿਅਸਤ ਸਨ। ਉਹ ਕਦੇ ਨ ਖਤਮ ਹੋਣ ਵਾਲਾ ਅਜਿਹਾ ਯੁੱਧ ਸੀ, ਜੋ ਅਮਨ ਦੀ ਹਾਲਤ ਵਿੱਚ ਵੀ ਉਸੇ ਪ੍ਰਕਾਰ ਜਾਰੀ ਰਿਹਾ, ਜਿਵੇਂ ਜੰਗ ਦੇ ਹਾਲਤ ਵਿੱਚ ਸੀ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਜੰਗੇ ਓਹਦ ਮੁਹੱਮਦ ਸੱਲਲਾਹੁ ਅਲੈਹਿ ਵਸੱਲਮ ਦੀ ਸੱਚਾਈ ਦਾ ਇੱਕ ਬਹੁਤ ਵੱਡਾ ਨਿਸ਼ਾਨ ਸੀ। ਇਸ ਜੰਗ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਭਵਿੱਖਬਾਣੀ ਅਨੁਸਾਰ ਪਹਿਲਾਂ ਮੁਸਲਮਾਨਾਂ ਨੂੰ ਕਾਮਯਾਬੀ ਪ੍ਰਾਪਤ ਹੋਈ। ਫਿਰ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਚਾਚਾ ਲੜ੍ਹਾਈ ਵਿੱਚ ਸ਼ਹੀਦ ਹੋਏ। ਫਿਰ ਸ਼ੁਰੂ ਹਮਲੇ ਵਿੱਚ ਕੁਫ਼ਾਰ ਦਾ ਝੰਡਾ ਚੁੱਕਣ ਵਾਲਾ ਮਾਰਿਆ ਗਿਆ। ਫਿਰ ਆਪ ਸੱਲਲਾਹੁ ਅਲੈਹਿ ਵਸੱਲਮ ਦੀ ਭਵਿੱਖਬਾਣੀ ਹੀ ਦੇ ਅਨੁਸਾਰ ਆਪ ਸੱਲਲਾਹੁ ਅਲੈਹਿ ਵਸੱਲਮ ਆਪ ਵੀ ਜ਼ਖਮੀ ਹੋਏ ਅਤੇ ਬਹੁਤ ਸਾਰੇ ਸਹਾਬੀ ਸ਼ਹੀਦ ਹੋਏ। ਇਸ ਤੋਂ ਬਿਨਾਂ ਮੁਸਲਮਾਨਾਂ ਨੂੰ ਅਜਿਹੇ ਆਸਥਾ ਅਤੇ ਈਮਾਨ ਦਾ ਪ੍ਰਕਟਾਵਾ ਕਰਨ ਦਾ ਮੌਕਾ ਮਿਲਿਆ। ਜਿਸ ਦੀ ਮਿਸਾਲ ਇਤਿਹਾਸ ਵਿੱਚ ਹੋਰ ਕਿੱਥੇ ਨਹੀ ਮਿਲਦੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜੰਗੇ ਓਹਦ ਦੇ ਬਿਲਕੁਲ ਬਾਦ ਅਤੇ ਜੰਗੇ ਹਮਰਾਉੱਲ ਅਸਦ ਦਾ ਬਿਆਨ ਇੱਥੇ ਖਤਮ ਹੁੰਦਾ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਦੁਨੀਆ ਦੇ ਹਾਲਾਤ, ਮੁਸਲਮਾਨਾਂ ਦੀ ਹਾਲਤ ਅਤੇ ਫਲਸਤੀਨ ਸੰਬੰਧੀ ਦੁਆਵਾਂ ਦੀ ਮੈਂ ਤਹਰੀਕ ਕਰਦਾ ਰਹਿਣਾ। ਭਾਵੇਂ ਕੁੱਝ ਲੋਕਾਂ ਦਾ ਇਹ ਖਿਆਲ ਹੈ ਕਿ ਸੀਅਜ਼ ਫਾਇਰ ਕੁੱਝ ਸਮੇਂ ਲਈ ਹੋ ਜਾਵੇ। ਪਰ ਜੋ ਹਾਲਾਤ ਨਜ਼ਰ ਆ ਰਹੇ ਹਨ। ਉਸ ਨਾਲ ਲੱਗਦਾ ਹੈ ਕਿ ਜੇਕਰ ਹੋ ਵੀ ਜਾਵੇ। ਤੱਦ ਵੀ ਫਲਸਤੀਨੀਆਂ ਉੱਤੇ ਜ਼ੁਲਮ ਖਤਮ ਨਹੀਂ ਹੋਵੇਗਾ। ਇਸ ਲਈ ਬਹੁਤ ਦੁਆਵਾਂ ਦੀ ਲੋੜ੍ਹ ਹੈ। ਰੱਬ ਉਹਨਾਂ ਫਲਸਤੀਨੀਆਂ ਨੂੰ ਵੀ ਤੌਫ਼ੀਕ ਬਖਸ਼ੇ ਅਤੇ ਉਹ ਵੀ ਰੱਬ ਵੱਲ੍ਹ ਝੁੱਕਣ। ਹੁਣ ਲੱਗ ਰਿਹਾ ਹੈ ਕਿ ਇਹਨਾਂ ਹਾਲਾਤਾਂ ਵਿੱਚ ਰੱਬ ਨੇ ਉਹਨਾਂ ਹਓਮੇ ਨਾਲ ਭਰਿਆਂ ਦੇ ਹਓਮੇ ਤੋੜ੍ਹਣ ਦੇ ਵੀ ਸਮਾਨ ਕਰ ਦਿੱਤੇ ਹਨ। ਇਹ ਕੰਮ ਕੱਦ ਸੰਪੂਰਨ ਤੌਰ ਉੱਤੇ ਹੁੰਦਾ ਹੈ। ਇਹ ਰੱਬ ਹੀ ਜਾਣਦਾ ਹੈ। ਪਰ ਇਹ ਹਓਮੇ ਜੋ ਹਨ। ਉਹ ਹੁਣ ਉਹਨਾਂ ਦੇ ਟੁੱਟਣੇ ਸ਼ੁਰੂ ਹੋ ਗਏ ਹਨ। ਉਹਨਾਂ ਦੇ ਅੰਦਰੋਂ ਹੀ ਉਹਨਾਂ ਦੇ ਵਿਰੋਧੀ ਪੈਦਾ ਹੋਣ ਲੱਗ ਗਏ ਹਨ। ਅਮਰੀਕਾ ਵਿੱਚ ਵੀ ਧਰਨੇ ਹੋ ਰਹੇ ਹਨ। ਹੁਣ ਤਾਕਤ ਦੀ ਵਰਤੋਂ ਕਰ ਰਹੇ ਹਨ ਕਿ ਧਰਨੇ ਬੰਦ ਕਰਨ। ਪਰ ਫਿਰ ਵੀ ਇਹ ਚਿੰਗਾਰੀਆਂ ਭੜ੍ਹਕਣਗੀਆਂ। ਕੁੱਝ ਸਮੇਂ ਲਈ ਰੁੱਕਣਗੀਆਂ ਵੀ ਤਾਂ ਫਿਰ ਭੜ੍ਹਕ ਜਾਣਗੀਆਂ। ਰੱਬ ਦੁਨੀਆਂ ਦੀ ਵੱਡੀ ਤਾਕਤਾਂ ਨੂੰ ਅਕਲ ਬਖਸ਼ੇ ਅਤੇ ਉਹ ਇਨੰਸਾਫ ਨਾਲ ਕੰਮ ਲੈ ਸਕਣ। ਆਪਣੇ ਲਈ ਹੋਰ ਅਸੂਲ ਹਨ, ਉਹਨਾਂ ਲਈ ਹੋਰ ਅਸੂਲ ਹਨ। ਇਹ ਚੀਜ਼ ਜੋ ਹੈ, ਫਿਰ ਇੱਕ ਸਮੇਂ ਵਿੱਚ ਆ ਕੇ ਯੂ ਐਨ ਦੇ ਟੁੱਟਣ ਦਾ ਕਾਰਨ ਵੀ ਬਣ ਜਾਵੇਗੀ।

ਖੁਤਬੇ ਦੇ ਅੰਤ ਵਿੱਚ ਹਜ਼ੂਰੇ ਅਨਵਰ ਨੇ ਆਪਣੀ ਸਿਹਤ ਸੰਬੰਧੀ ਅਹਮਦੀਆਂ ਨੂੰ ਸੂਚਿਤ ਕਰਦੇ ਹੋਏ ਫ਼ਰਮਾਇਆ : ਦੂਜੀ ਦੁਆ ਜਿਸ ਲਈ ਮੈਂ ਅੱਜ ਕਹਿਣਾ ਚਾਹੁਣਾ ਹਾਂ। ਉਹ ਆਪਣੇ ਲਈ ਹੈ। ਇੱਕ ਸਮੇਂ ਤੋਂ ਮੈਨੂੰ ਦਿਲ ਦੇ ਵਾਲਵ ਦੀ ਤਕਲੀਫ ਸੀ। ਡਾਕਟਰ ਆਪਰੇਸ਼ਨ ਲਈ ਕਹਿੰਦੇ ਸਨ। ਪਰ ਮੈਂ ਟਾਲਦਾ ਰਹਿੰਦਾ ਸੀ। ਹੁਣ ਡਾਕਟਰ ਨੇ ਕਿਹਾ ਕਿ ਅਜਿਹੀ ਸਟੇਜ ਆ ਗਈ ਹੈ ਕਿ ਹੋਰ ਲੇਟ ਕਰਨਾ ਠੀਕ ਨਹੀਂ। ਸੋ, ਉਹਨਾਂ ਦੇ ਕਹਿਣ ਉੱਤੇ ਪਿਛਲੇ ਦਿਨੀਂ ਵਾਲਵ ਬਦਲ ਦਿੱਤਾ ਗਿਆ। ਅੱਲਾਹ ਦੇ ਫ਼ਜ਼ਲ ਨਾਲ ਠੀਕ ਹੋ ਗਿਆ ਹੈ ਅਤੇ ਇਸ ਲਈ ਮੈਂ ਕੁੱਝ ਦਿਨ ਡਾਕਟਰਾਂ ਦੀ ਹਦਾਯਤ ਅਨੁਸਾਰ ਮਸਜਿਦ ਵੀ ਨਹੀਂ ਆ ਸਕਿਆ। ਡਾਕਟਰ ਕਹਿੰਦੇ ਹਨ ਕਿ ਮੈਡੀਕਲੀ ਹੁਣ ਜੋ ਐਲਾਜ ਹੋਣਾ ਸੀ, ਉਹ ਰੱਬ ਦੇ ਫ਼ਜ਼ਲ ਨਾਲ ਕਾਮਯਾਬ ਹੋ ਗਿਆ ਹੈ। ਦੁਆ ਕਰੋ ਕਿ ਰੱਬ ਨੇ ਜਿੰਨ੍ਹੀ ਵੀ ਜ਼ਿੰਦਗੀ ਦੇਣੀ ਹੈ, ਫ਼ਆਲ ਜਿੰਦਗੀ ਬਖਸ਼ੇ। ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ